੧ੴ ਸਤਿਗੁਰ ਪ੍ਰਸਾਦਿ ॥

# ਭਾਈ ਮੇਵਾ ਸਿੰਘ

## ਅੰਗ੍ਰੇਜ਼ੀ ਕਾਲ ਵਿਚ ਸਿੱਖਾਂ ਦਾ ਅਜ਼ਾਦੀ ਲਈ ਘੋਲ

### ਮੁੱਖ ਟੀਚਾ

ਸਿਰਫ ਯੁਵਾ ਪੀੜੀ ਨੂੰ ਦੇਸ਼
ਅਜ਼ਾਦ ਕਰਾਉਂਣ ਲਈ ਸਿੱਖਾਂ
ਦੁਆਰਾ ਕੀਤਾ ਗਿਆ ਸੰਗ੍ਰਸ਼ ਦਾ
ਬੋੱਧ ਕਰਾਣਾਂ ਹੀ ਹੈ।

ਪ੍ਰਕਾਸ਼ਕ
ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

Type Setting : Radheshyam Choudhary
Mob.: 098149-66882

Download Free

# ਭਾਈ ਮੇਵਾ ਸਿੰਘ

ਭਾਈ ਮੇਵਾ ਸਿੰਘ ਉਹ ਮਝੈਲ ਸੂਰਮਾ ਸੀ ਜਿਸ ਨੇ ਕੈਨੇਡਾ ਵਿਚ ਗ਼ਦਰ ਲਹਿਰ ਵਿਚ ਬਹੁਤ ਵਧ ਚੜ੍ਹ ਕੇ ਹਿੱਸਾ ਲਿਆ ਤੇ ਲਹਿਰ ਦੇ ਵਿਰੋਧੀ ਬਦਨਾਮ ਅੰਗਰੇਜ਼ ਪੁਲਸ ਅਫ਼ਸਰ ਹਾਪਕਿਨਸਨ ਨੂੰ ਕਚਹਿਰੀ ਜਾਂਦਿਆਂ ਗੋਲੀ ਮਾਰ ਕੇ ਇਹ ਸਾਬਤ ਕਰ ਦਿਤਾ ਕਿ ਸਿੰਘ ਧੱਕੇ ਅਗੇ ਝੁਕਣਾ ਨਹੀਂ ਜਾਣਦੇ ਸਗੋਂ ਜ਼ਾਲਮਾਂ ਦਾ ਨਾਮ ਕਰਨ ਲਈ ਸਦਾ ਤੱਤਪਰ ਰਹਿੰਦੇ ਹਨ ਤੇ ਦੇਸ਼ ਭਗਤੀ ਵਿਚ ਉਹ ਕਿਸੇ ਤੋਂ ਪਿਛੇ ਨਹੀਂ।

ਭਾਈ ਮੇਵਾ ਸਿੰਘ ਪਿੰਡ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ। ਜ਼ਮੀਨ ਘੱਟ ਹੋਣ ਕਰ ਕੇ ਉਸ ਸਮੇਂ ਕੈਨੇਡਾ ਚਲੇ ਗਏ ਜਦੋਂ ਕੈਨੇਡਾ ਜਾਣ ਦੀ ਖੁਲ੍ਹ ਸੀ ਤੇ ਬਹੁਤ ਸਾਰੇ ਹਿੰਦੂਸਤਾਨੀ, ਜਿਨ੍ਹਾਂ ਵਿਚ ਸਿੱਖਾਂ ਦੀ ਬਹੁਤ ਗਿਣਤੀ ਸੀ, ਦੇਸ਼ ਛਡ ਕੇ ਰੋਜ਼ੀ ਦੀ ਖਾਤਰ ਪ੍ਰਦੇਸ਼ ਚਲੇ ਗਏ ਸਨ। ਕੈਨੇਡਾ ਜਾ ਕੇ ਦੇਖਿਆ ਕਿ ਅੰਗਰੇਜ਼ ਹਿੰਦੁਸਤਾਨੀਆਂ ਨੂੰ ਆਪਣਾ ਗ਼ੁਲਾਮ ਤੇ ਨੀਵਾਂ ਸਮਝਦੇ ਹਨ। ਇਹਨਾਂ ਦਾ ਵਰਤਾਉ ਚੰਗਾ ਨਹੀਂ, ਸਹੂਲਤਾ ਦੇਣ ਲਈ ਤਿਆਰ ਨਹੀਂ। ਕੈਨੇਡਾ ਗਏ ਦੇਸ਼ ਵਾਸੀਆਂ ਵਿਚ ਦੇਸ਼ ਭਗਤੀ ਤੇ ਅਣਖ ਜਾਗੀ ਤੇ ਉਹਨਾਂ ਇਕੱਠੇ ਹੋ ਕੇ ਆਪਣੇ ਲਈ ਅਧਿਕਾਰ ਪ੍ਰਾਪਤ ਕਰਨ ਤੇ ਭਾਰਤ ਨੂੰ ਆਜ਼ਾਦ ਕਰਾਉਣ ਦਾ ਬੀੜਾ ਚੁਕ ਲਿਆ। ਗ਼ਦਰ ਪਾਰਟੀ ਬਣ ਗਈ ਤੇ ਸਾਰੇ ਦੇਸ਼ ਭਗਤ ਉਸ ਝੰਡੇ ਹੇਠ ਇਕੱਠੇ ਹੋ ਗਏ। ਭਾਈ ਮੇਵਾ ਸਿੰਘ ਵੀ ਇਸ ਲਹਿਰ ਨਾਲ ਸੰਬੰਧਤ ਹੋ ਗਏ ਤੇ ਯਥਾ ਸ਼ਕਤੀ ਸੇਵਾ ਕਰਦੇ ਰਹੇ।

ਜਦ ਕੈਨੇਡਾ ਵਿਚ ਭਾਰਤੀਆਂ ਦੇ ਦਾਖ਼ਲੇ ਤੇ ਪਾਬੰਦੀ ਲਗ ਗਈ ਤੇ ਫਿਰ ਕਾਮਾਗਾਟਾਮਾਰੂਜਹਾਜ਼ ਨੂੰ ਵੈਨਕੋਵਰ ਵਿਚ ਕੰਢੇ ਨਾਂ ਲਗਣ ਦਿਤਾ ਗਿਆ ਤਾਂ ਕੈਨੇਡਾ ਤੇ ਹਿੰਦੁਸਤਾਨੀਆਂ ਵਿਚ ਗ਼ਮ ਤੇ ਗੁਸੇ ਦੀ ਲਹਿਰ ਹੋਰ ਵਧ ਗਈ ਤੇ ਉਹਨਾਂ ਆਪਣਾ ਅੰਦੋਲਨ

ਹੋਰ ਤੇਜ਼ ਕਰ ਦਿਤਾ। ਅੰਗਰੇਜ਼ਾਂ ਨੇ ਵੀ ਹਿੰਦੁਸਤਾਨੀਆਂ ਨੂੰ ਦਬਾਣ ਲਈ ਆਪਣੀ ਤਾਕਤ ਲਾਣੀ ਸ਼ੁਰੂਕਰ ਦਿਤੀ। ਕਿਉਂਕਿ ਕੈਨੇਡਾ ਵਿਚ ਗਏ ਬਹੁਤੇ ਭਾਰਤੀ ਪੰਜਾਬੀ ਹੀ ਸਨ ਇਸ ਲਈ ਕੈਨੇਡਾ ਸਰਕਾਰ ਨੇ ਕੁਝ ਅਜਿਹੇ ਅਫ਼ਸਰ ਮੰਗਵਾ ਲਏ ਜੋ ਭਾਰਤ ਵਿਚ ਤੇ ਖਾਸ ਕਰਕੇ ਪੰਜਾਬ ਵਿਚ ਹੀ ਨੌਕਰੀ ਕਰ ਗਏ ਸਨ ਤਾਂ ਕਿ ਉਹ ਪੰਜਾਬੀਆਂ ਨੂੰ ਕਾਬੂਕਰਨ ਦਾ ਯਤਨ ਕਰਨ। ਇਹਨਾਂ ਅਫ਼ਸਰਾ ਵਿਚ ਇਕ ਬਦਨਾਮ ਪੁਲਸੀਆ ਹਾਪਕਿਨਸਨ ਵੀ ਸੀ ਜੋ ਇਸੇ ਕੰਮ ਲਈ ਲਿਆਂਦਾ ਗਿਆ ਸੀ।

ਹਾਪਕਿਨਸਨ ਨੇ ਸਭ ਤੋਂ ਪਹਿਲਾਂ ਕੰਮ ਇਹ ਕੀਤਾ ਕਿ ਹਿੰਦੁਸਤਾਨੀਆਂ ਵਿਚ ਫੁਟ ਪੁਆਈ। ਕੁਝ ਖ਼ੁਦਗ਼ਰਜ਼, ਕਮਜ਼ੋਰ ਤੇ ਲਾਲਚੀ ਬੰਦਿਆਂ ਨੂੰ ਖ਼ਰੀਦ ਲਿਆ ਤੇ ਉਨ੍ਹਾਂ ਰਾਹੀਂ ਦੇਸ਼ ਭਗਤਾਂ ਦੇ ਹਰ ਕਦਮ ਦੀ ਵਿਰੋਧਤਾ ਕਰਵਾਈ ਗਈ। ਇਥੋਂ ਤਕ ਕਿ ਉਹਨਾਂ ਨੂੰ ਆਪਣੇ ਦੇਸ਼ ਭਗਤ ਦੇਸ਼ ਵਾਸੀਆਂ ਦੇ ਗਲੇ ਵੀ ਪੁਆਇਆ। ਇਕ ਆਦਮੀ ਬੇਲਾ ਸਿੰਘ ਤੋਂ ਭਾ: ਭਾਗ ਸਿੰਘ ਭਿਖੀਵਿੰਡ, ਪ੍ਰਧਾਨ ਖ਼ਾਲਸਾ ਦੀਵਾਨ ਸੁਸਾਇਟੀ ਤੇ ਸ: ਬਤਨ ਸਿੰਘ ਨੂੰ ਕਤਲ ਕਰਵਾਇਆ। ਕਤਲ ਗੁਰਦਵਾਰੇ ਵਿਚ ਦੀਵਾਨ ਲਗੇ ਹੋਏ ਸਮੇਂ ਕੀਤੇ ਗਏ ਪਰ ਅਦਾਲਤ ਨੇ ਇਹ ਕਹਿ ਕੇ ਦੋਸ਼ੀਆਂ ਨੂੰ ਛਡ ਦਿਤਾ ਕਿ ਇਹਨਾਂ ਨੇ ਸ਼ਵੈ-ਰਖਿਆ ਲਈ ਗੋਲੀ ਚਲਾਈ ਸੀ। ਇਸ ਕਤਲ ਸਾਜ਼ਸ਼ ਵਿਚ ਤੇ ਹਿੰਦੁਸਤਾਨੀਆਂ ਵਿਰੁੱਧ ਹੋ ਰਹੀਆਂ ਕਾਰਵਾਈਆਂ ਵਿਚ ਮਿਸਟਰ ਹਾਪਕਿਨਸਨ ਦਾ ਬਹੁਤਾ ਹੱਥ ਸੀ, ਇਸ ਲਈ ਕੌਮੀ ਲਹਿਰ ਦੇ ਗੁਸੇ ਦਾ ਸਾਰੇ ਦਾ ਸਾਰਾ ਰੁਖ਼ ਇਸੇ ਅਫ਼ਸਰ ਵਲ ਸੀ। ਇਹਨੂੰ ਖ਼ਤਮ ਕਰਨ ਲਈ ਈ ਦੇਸ਼ ਭਗਤ ਹਿੰਦੁਸਤਾਨੀ ਸੋਚਣ ਲਗ ਪਏ।

ਭਾਈ ਮੇਵਾ ਸਿੰਘ ਲੋਪੋਕੇ ਜੋ ਇਕ ਗੁਰਮੁਖ, ਪਰਉਪਕਾਰੀ, ਕਿਰਤੀ, ਦੇਸ਼ ਭਗਤ ਤੇ ਜੋਸ਼ੀਲੇ ਵਿਅਕਤੀ ਸਨ, ਉਹਨਾਂ ਨੇ ਇਹ ਕੰਮ ਆਪਣੇ ਜ਼ਿੰਮੇ ਲੈ ਲਿਆ। ਆਪਣੇ ਕੁਝ ਦੋਸਤਾਂ ਨਾਲ ਸਲਾਹ ਕੀਤੀ ਕਿ ਜੇਕਰ ਮੈਂ ਇਸ ਬਦਨਾਮ ਅਫ਼ਸਰ ਨੂੰ ਖ਼ਤਮ ਕਰ ਦਿਆਂ ਤਾਂ ਅਗੋਂ ਲਈ

ਦੂਜੇ ਅਫ਼ਸਰਾਂ ਨੂੰ ਕੰਨ ਹੋ ਸਕਦੇ ਹਨ ਤੇ ਉਹ ਉਹਨਾਂ ਵਲ ਆਪਣਾ ਵਤੀਰਾ ਬਦਲਣਗੇ। ਇਸ ਲਈ ਸਾਡੇ ਅੰਦੋਲਨ ਵਿਚ ਇਹਨੂੰ ਰਾਤ ਤੋਂ ਹਟਾਣਾ ਜ਼ਰੂਰੀ ਹੈ। ਇਸ ਵਿਚਾਰ ਦੀ ਦੂਜੇ ਸਾਥੀਆਂ ਨੇ ਹਮਾਇਤ ਕੀਤੀ ਤੇ ਇਹਨੂੰ ਹਰ ਤਰ੍ਹਾਂ ਨਾਲ ਸਿਰੇ ਚਾੜ੍ਹਨ ਲਈ ਸਾਥ ਦੇਣ ਦਾ ਯਕੀਨ ਦਵਾਇਆ।

21 ਅਕਤੂਬਰ 1914 ਈਸਵੀ ਨੂੰ ਸਵੇਰੇ ਭਾਈ ਮੇਵਾ ਸਿੰਘ ਜੀ ਉਠੇ, ਇਸ਼ਨਾਨ ਕੀਤਾ ਤੇ ਨਿਤਨੇਮ ਕਰ ਕੇ ਅਰਦਾਸ ਕੀਤੀ। ਫਿਰ ਪਸਤੌਲ ਲੈ ਕੇ ਕਚਹਿਰੀ ਵਿਚ ਆ ਗਏ। ਉਸ ਦਿਨ ਹਾਪਕਿਨਸਨ ਨੇ ਕਿਸੇ ਮੁਕੱਦਮੇ ਦੇ ਸਿਲਸਿਲੇ ਵਿਚ ਕਚਹਿਰੀ ਵਿਚ ਜ਼ਰੂਰ ਆਉਣਾ ਸੀ। ਭਾਈ ਸਾਹਿਬ ਉਹਨੂੰ ਉਡੀਕਦੇ ਰਹੇ।

ਸਵੇਰ ਦੇ ਪੌਣੇ ਨੌਂ ਵਜੇ ਸਨ ਕਿ ਹਾਪਕਿਨਸਨ ਆ ਗਿਆ। ਉਹਨੂੰ ਖ਼ਾਬੋ ਖ਼ਿਆਲ ਵੀ ਨਹੀਂ ਸੀ ਕਿ ਅੱਜ ਉਹਦੇ ਨਾਲ ਭਾਣਾ ਵਰਤ ਜਾਣਾ ਹੈ। ਜਦ ਉਹ ਕਚਹਿਰੀਆਂ ਦੀ ਹੇਠਲੀ ਛਤ ਤੋਂ ਉਪਰ ਆ ਗਿਆ ਜਿਥੇ ਕਿ ਬਰਾਂਡੇ ਵਿਚ ਭਾਈ ਮੇਵਾ ਸਿੰਘ ਟਹਿਲ ਰਹੇ ਸਨ ਤਾਂ ਉਹਨਾਂ ਦੇਖਦੇ ਸਾਰ ਹੀ ਪਸਤੌਲ ਕਢ ਲਿਆ ਤੇ 'ਠਹਿਰੋ' ਦੀ ਆਵਾਜ਼ ਦਿਤੀ। ਹਾਪਕਿਨਸਨ ਆਪਣੀ ਪਸਤੌਲ ਤੇ ਹੱਥ ਰੱਖਣ ਹੀ ਵਾਲਾ ਸੀ ਕਿ ਭਾਈ ਸੇਵਾ ਸਿੰਘ ਨੇ ਗੋਲੀ ਮਾਰ ਦਿੱਤੀ। ਹਾਪਕਿਨਸਨ ਸਖ਼ਤ ਜ਼ਖ਼ਮੀ ਹੋ ਗਿਆ ਪਰ ਉਹਨੇ ਦਿਲ ਨਾ ਛਡਿਆ ਤੇ ਦੌੜ ਕੇ ਭਾਈ ਮੇਵਾ ਸਿੰਘ ਦੇ ਲੱਤੀਂ ਪੈ ਗਿਆ। ਉਹ ਇਹਨਾਂ ਨੂੰ ਚੁਕ ਕੇ ਪਟਕਾ ਕੇ ਮਾਰਨਾ ਚਾਹੁੰਦਾ ਸੀ, ਪਰ ਮੇਵਾ ਸਿੰਘ ਨੇ ਪਸਤੌਲ ਨਾਲ ਉਹਦਾ ਸਿਰ ਪਾੜ ਦਿੱਤਾ ਤੇ ਉਹ ਡਿਗ ਪਿਆ ਪਰ ਡਿਗਦੇ ਨੇ ਫੇਰ ਆਪਣਾ ਪਸਤੌਲ ਲੱਕ ਨਾਲੋਂ ਖੋਹਲਣ ਦਾ ਯਤਨ ਕੀਤਾ।

ਇਹ ਦੇਖ ਕੇ ਭਾਈ ਮੇਵਾ ਸਿੰਘ ਨੇ ਹੋਰ ਪੰਜ ਗੋਲੀਆਂ ਚਲਾ ਦਿਤੀਆਂ ਤੇ ਉਹਨੂੰ ਉਥੇ ਹੀ ਢੇਰੀ ਕਰ ਦਿਤਾ। ਪੁਲਸ ਮੌਕੇ ਤੇ ਪਹੁੰਚ ਗਈ ਤੇ ਉਹਨਾਂ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ।

ਇਥੇ ਇਹ ਗੱਲ ਖ਼ਾਸ ਤੌਰ ਤੇ ਦੱਸਣ ਵਾਲੀ ਹੈ ਕਿ ਹਾਪਕਿਨਸਨ ਤੇ ਭਾਈ ਮੇਵਾ ਸਿੰਘ ਇਕ ਦੂਜੇ ਦੇ ਪੁਰਾਣੇ ਮਿੱਤਰ ਤੇ ਜਾਣੂ ਸਨ। ਭਾਰਤ ਵਿਚ ਵੀ ਉਹ ਮਿਲਦੇ ਰਹੇ ਸਨ ਤੇ ਕੈਨੇਡਾ ਵਿਚ ਵੀ ਉਹ ਇਕ ਦੂਜੇ ਨੂੰ ਕਦੇ ਕਦੇ ਮਿਲਦੇ ਸਨ। ਮਿ: ਹਾਪਕਿਨਸਨ ਨੇ ਯਤਨ ਕੀਤਾ ਕਿ ਭਾਈ ਮੇਵਾ ਸਿੰਘ ਉਸ ਦੇ ਜਾਲ ਵਿਚ ਫਸ ਜਾਣ, ਪਰ ਉਹਨੂੰ ਸਫ਼ਲਤਾ ਨਾ ਹੋਈ ਤੇ ਉਹਨੇ ਇਸ ਗੱਲ ਨੂੰ ਬੜਾ ਮਹਿਸੂਸ ਕੀਤਾ। ਭਾਈ ਮੇਵਾ ਸਿੰਘ ਬਹੁਤ ਸਰਗਰਮ ਦੇਸ਼ ਭਗਤ ਸਨ। ਜਦੋਂ ਕੈਨੇਡਾ ਵਿਚ ਗ਼ਦਰ ਪਾਰਟੀ ਲਈ ਹਥਿਆਰ ਤੇ ਅਸਲਾ ਇਕੱਠਾ ਕਰਨ ਦੀ ਮੁਹਿੰਮ ਚਲੀ ਤਾਂ ਆਪ ਉਸ ਵਿਚ ਵੀ ਸ਼ਾਮਲ ਸਨ ਤੇ ਇਨ੍ਹਾਂ ਨੇ ਉਚੇਚੇ ਜਾ ਕੇ ਇਕ ਬੰਦੂਕ ਤੇ ਛੇ ਗੋਲੀਆਂ ਅਮਰੀਕਾਂ ਤੋਂ ਲਿਆਂਦੀਆਂ ਸਨ। ਰਾਹ ਵਿਚ ਫੜੇ ਗਏ ਸਨ ਪਰ ਫਿਰ ਮੁਕੱਦਮੇ। ਵਿਚੋਂ ਹੁਸ਼ਿਆਰੀ ਨਾਲ ਬਚ ਗਏ ਸਨ।

ਹੁਣ ਹਾਪਕਿਨਸਨ ਦੇ ਕਤਲ ਦੇ ਸਿਲਸਿਲੇ ਵਿਚ ਜਦ ਗ੍ਰਿਫ਼ਤਾਰ ਕਰ ਕੇ ਹਵਾਲਾਤ ਵਿਚ ਬੰਦ ਕੀਤਾ ਗਿਆ ਤਾਂ ਆਪ ਬੜੀਆਂ ਚੜ੍ਹਦੀਆਂ ਕਲਾਂ ਵਿਚ ਸਨ। ਕੈਨੇਡਾ ਦੇ ਰੋਜ਼ਾਨਾ ਅਖ਼ਬਾਰ 'ਪਰਾਵਿਨਸ' ਨੇ ਲਿਖਿਆ ਸੀ ਕਿ ਮੇਵਾ ਸਿੰਘ ਹਵਾਲਾਤ ਵਿਚ ਬੜੀਆਂ ਚੜ੍ਹਦੀਆਂ ਕਲਾਂ ਵਿਚ ਹੈ। ਭਜਨ ਬੰਦਗੀ ਕਰਦਾ ਤੇ ਗੀਤ ਗਾ ਰਿਹਾ ਹੈ।

ਦੋ ਦਿਨ ਪਿਛੋਂ 23 ਅਕਤੂਬਰ ਨੂੰ ਹੋਰ ਚਾਰ ਆਦਮੀਆਂ ਸ੍ਰੀ ਹਸਨ ਰਹੀਮ, ਸ: ਕਰਤਾਰ ਸਿੰਘ ਚੰਨ, ਸ: ਬਲਵੰਤ ਸਿੰਘ ਖੁਰਦਪੁਰ ਤੇ ਸ: ਮਿਤ ਸਿੰਘ ਪੰਡੋਰੀ ਨੂੰ ਮਿ: ਹਾਪਕਿਨਸਨ ਦੇ ਕਤਲ ਦੀ ਸਾਜ਼ਸ਼ ਦੇ ਸੰਬੰਧ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਤੁਰਤ ਮੁਕੱਦਮਾ ਸ਼ੁਰੂ ਕਰ ਦਿੱਤਾ ਗਿਆ। ਸਰਕਾਰ ਨੇ ਫ਼ੈਸਲਾ ਕੀਤਾ ਕਿ ਮੁਕੱਦਮੇ ਦੀ ਸੁਣਵਾਈ ਹਫ਼ਤੇ ਵਿਚ ਮੁਕਾ ਕੇ ਸਜ਼ਾਵਾਂ ਦੇ ਦਿਤੀਆਂ ਜਾਣ ਤਾਂ ਕਿ ਅਗੋਂ ਦਹਿਸ਼ਤ ਫੈਲ ਜਾਏ।

ਸ਼ਹੀਦ ਭਾਈ ਮੇਵਾ ਸਿੰਘ ਨੇ ਅਦਾਤ ਵਿਚ ਬਿਆਨ ਦਿਤਾ ਕਿ ਮੇਰੇ ਨਾਲ ਇਸ ਸਾਜ਼ਸ਼ ਵਿਚ ਹੋਰ ਕੋਈ ਵੀ ਸ਼ਾਮਲ ਨਹੀਂ ਮੈਂ ਹੀ ਮਾਰਿਆ ਤੇ ਇਕੱਲੇ ਨੇ ਇਹ ਸਾਰਾ ਕੁਝ ਕੀਤਾ ਹੈ।

ਭਾਈ ਮੇਵਾ ਸਿੰਘ ਨੇ ਗੱਜ ਕੇ ਅਦਾਲਤ ਵਿਚ ਆਖਿਆ ਕਿ ਭਾਰਤ ਦੀ ਆਜ਼ਾਦੀ ਦੇ ਦੁਸ਼ਮਣਾਂ ਦਾ ਇਹੋ ਹਾਲ ਹੋਣਾ ਚਾਹੀਦਾ ਹੈ ਜੋ ਦੇਸ਼ ਤੇ ਕੌਮ ਦੇ ਮੇਰੇ ਜਿਹੇ ਨਿਰਮਾਣ ਸੇਵਕ ਦੇ ਹਥੋਂ ਹੋਇਆ ਹੈ। ਮੈਂਨੂੰ ਮਾਣ ਹੈ ਕਿ ਮੈਂ ਸਾਮਰਾਜ ਦੇ ਇਸ ਜ਼ਹਿਰੀਲੇ ਸੱਪ ਨੂੰ ਮਾਰਿਆ ਹੈ।

30 ਅਕਤੂਬਰ 1914 ਨੂੰ ਅਦਾਲਤ ਨੇ ਭਾਈ ਮੇਵਾ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿਤੀ ਤੇ ਬਾਕੀ ਸਾਰੇ ਬਰੀ ਕਰ ਦਿਤੇ। ਭਾਈ ਮੇਵਾ ਸਿੰਘ ਦਾ ਚਿਹਰਾ ਇਹ ਹੁਕਮ ਸੁਣ ਕੇ ਖਿੜ ਗਿਆ ਤੇ ਮੁਸਕਰਾ ਪਏ। ਅਖ਼ੀਰ ਇਸ ਫ਼ੈਸਲੇ ਅਨੁਸਾਰ 11 ਜਨਵਰੀ 1915 ਨੂੰ ਸਵੇਰੇ ਭਾਈ ਮੇਵਾ ਸਿੰਘ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿਤਾ ਗਿਆ।


## ਪ੍ਰਸਤੁਤ ਕਰਤਾ : ਜਸਬੀਰ ਸਿੰਘ

**Ph. : (0172-2696891)**

**Mob. : 099881-60484**



Type Setting : Radheshyam Choudhary

Mob.: 098149-66882

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
or
# www.sikhhistory.in


E-mail : info@sikhworld.info
&
jasbirsikhworldinfo@gmail.com


ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜ੍ਹੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।


1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।